Punjabi - Number 51a
August 2017

# ਤਪਦਿਕ (ਟੀ ਬੀ)
# Tuberculosis (TB)

## ਤਪਦਿਕ ਕੀ ਹੈ?

ਤਪਦਿਕ, ਜਿਸਨੂੰ ਟੀ ਬੀ ਵੀ ਕਿਹਾ ਜਾਂਦਾ ਹੈ, ਇੱਕ ਗੰਭੀਰ ਬਿਮਾਰੀ ਹੈ।ਟੀ ਬੀ ਹਵਾ ਰਾਂਹੀ ਫੈਲਣ ਵਾਲੇ ਬੈਕਟੀਰੀਆ ਕਰਕੇ ਹੁੰਦੀ ਹੈ।ਟੀ ਬੀ ਆਮਤੌਰ ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਗ੍ਰੰਥੀਆਂ (ਗਲੈਂਡਾਂ), ਹੱਡੀਆਂ, ਜੋੜਾਂ, ਗੁਰਦਿਆਂ, ਦਿਮਾਗ ਅਤੇ ਜਨਨ ਅੰਗਾਂ ਵਰਗੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਟੀ ਬੀ ਠੀਕ ਹੋ ਸਕਦੀ ਹੈ।ਬੀ ਸੀ ਵਿੱਚ, ਟੀ ਬੀ ਨੂੰ ਰੋਕਣ, ਜਾਂ ਟੀ ਬੀ ਦਾ ਇਲਾਜ ਕਰਨ ਲਈ ਦਵਾਈਆਂ, ਪ੍ਰਾਂਤੀ ਟੀ ਬੀ ਸਰਵਿਸ ਕਲੀਨਿਕਾਂ ਅਤੇ ਪਬਲਿਕ ਹੈਲਥ ਯੂਨਿਟਾਂ ਰਾਹੀਂ ਮੁਫਤ ਹਨ।

## ਟੀ ਬੀ ਕਿਵੇਂ ਫੈਲਦੀ ਹੈ?

ਟੀ ਬੀ ਹਵਾ ਦੇ ਰਾਹੀਂ ਵਿਅਕਤੀ ਤੋਂ ਵਿਅਕਤੀ ਤੱਕ ਫੈਲਦੀ ਹੈ ਜਦੋਂ ਫੇਫੜਿਆਂ ਵਿੱਚ ਟੀ ਬੀ ਦੇ ਨਾਲ ਬਿਮਾਰ ਕੋਈ ਵਿਅਕਤੀ ਖੰਘਦਾ, ਛਿੱਕਦਾ, ਗਾਉਂਦਾ ਜਾਂ ਗੱਲ ਕਰਦਾ ਹੈ। ਜੇ ਤੁਸੀਂ ਟੀ ਬੀ ਦੇ ਬੈਕਟੀਰੀਆ ਵਾਲੀ ਹਵਾ ਸਾਹ ਰਾਹੀਂ ਅੰਦਰ ਲੈਂਦੇ ਹੋ ਤਾਂ ਤੁਸੀਂ ਵਿਗਾੜਗ੍ਰਸਤ ਹੋ ਸਕਦੇ ਹੋ। ਆਮਤੌਰ ਤੇ, ਤੁਹਾਡੇ ਟੀ ਬੀ ਨਾਲ ਵਿਗਾੜਗ੍ਰਸਤ ਹੋਣ ਵਾਸਤੇ ਫੇਫੜਿਆਂ ਵਿੱਚ ਟੀ ਬੀ ਦੇ ਨਾਲ ਬਿਮਾਰ ਵਿਅਕਤੀ ਦੇ ਨਾਲ ਨਜ਼ਦੀਕੀ, ਨਿਯਮਿਤ ਸੰਪਰਕ ਦੀ ਅਰਥਪੂਰਨ ਮਾਤਰਾ ਦੀ ਲੋੜ ਹੁੰਦੀ ਹੈ।ਟੀ ਬੀ ਬੈਕਟੀਰੀਆ ਦੇ ਨਾਲ ਵਿਗਾੜਗ੍ਰਸਤ ਹਰ ਵਿਅਕਤੀ ਟੀ ਬੀ ਬਿਮਾਰੀ ਦੇ ਨਾਲ ਬਿਮਾਰ ਨਹੀਂ ਹੋਏਗਾ।

## ਟੀ ਬੀ ਵਿਗਾੜ ਅਤੇ ਟੀ ਬੀ ਬਿਮਾਰੀ ਵਿੱਚ ਕੀ ਫਰਕ ਹੈ?

ਟੀ ਬੀ ਵਿਗਾੜ ਉਸ ਵੇਲੇ ਹੁੰਦਾ ਹੈ ਜਦੋਂ ਤੁਸੀਂ ਟੀ ਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਤੁਹਾਡੇ ਸਰੀਰ ਦੀਆਂ ਰੱਖਿਆਵਾਂ ਬੈਕਟੀਰੀਆ ਨੂੰ ਵੱਧਣ ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਦੀਆਂ ਹਨ।ਟੀ ਬੀ ਨਾਲ ਵਿਗਾੜਗ੍ਰਸਤ ਵਿਅਕਤੀ ਬਿਮਾਰ ਮਹਿਸੂਸ ਨਹੀਂ ਕਰੇਗਾ, ਅਤੇ ਟੀ ਬੀ ਦੇ ਬੈਕਟੀਰੀਆ ਨੂੰ ਦੂਸਰਿਆਂ ਤੱਕ ਫੈਲਾ ਨਹੀਂ ਸਕਦਾ। ਇਸ ਨੂੰ "ਸੋਈ ਹੋਈ ਟੀ ਬੀ" ("sleeping TB") ਜਾਂ ਨਿਹਿਤ ਟੀ ਬੀ ਵਿਗਾੜ ਵੀ ਕਿਹਾ ਜਾਂਦਾ ਹੈ।

ਟੀ ਬੀ ਬਿਮਾਰੀ ਉਸ ਵੇਲੇ ਹੁੰਦੀ ਹੈ ਜਦੋਂ ਤੁਸੀਂ ਟੀ ਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਬੈਕਟੀਰੀਆ ਸੰਖਿਆ ਵਿੱਚ ਵੱਧਣ ਲਗਦੇ ਹਨ ਅਤੇ ਸੰਭਵ ਹੈ ਕਿ ਉਹ ਤੁਹਾਡੇ ਸਾਰੇ ਸਰੀਰ ਵਿੱਚ ਫੈਲ ਜਾਣ।ਤੁਸੀਂ ਬਿਮਾਰ ਮਹਿਸੂਸ ਕਰ ਸਕਦੇ ਹੋ ਜਾਂ ਨਹੀਂ, ਅਤੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ ਇਸ ਤੇ ਨਿਰਭਰ ਕਰਦਾ ਹੈ ਕਿ ਬੈਕਟੀਰੀਆ ਕਿਥੇ ਵੱਧ ਰਿਹਾ ਹੈ।ਜਦੋਂ ਤੁਹਾਡੇ ਫੇਫੜਿਆਂ ਦੇ ਵਿੱਚ ਵੱਧਦੀ ਹੋਈ ਟੀਬੀ ਬਿਮਾਰੀ ਮੌਜੂਦ ਹੈ ਤਾਂ ਤੁਸੀਂ ਆਪਣੇ ਆਸੇ ਪਾਸੇ ਦੇ ਲੋਕਾਂ ਤੱਕ ਟੀ ਬੀ ਫੈਲਾ ਸਕਦੇ ਹੋ।ਇਸ ਨੂੰ ਸਕ੍ਰਿਏ ਟੀ ਬੀ ਕਿਹਾ ਜਾਂਦਾ ਹੈ।

## ਟੀ ਬੀ ਵਿਗਾੜ ਦੇ ਟੀ ਬੀ ਬਿਮਾਰੀ ਬਣ ਜਾਣ ਦੇ ਕੀ ਸੰਜੋਗ ਹਨ?

ਜੇ ਤੁਸੀਂ ਸਿਹਤਮੰਦ ਵਿਅਕਤੀ ਹੋ ਅਤੇ ਤੁਹਾਨੂੰ ਨਿਹਿਤ ਟੀ ਬੀ ਵਿਗਾੜ ਹੈ, ਤਾਂ ਤੁਹਾਡਾ ਆਪਣੇ ਜੀਵਨ ਦੇ ਦੌਰਾਨ ਸਕ੍ਰਿਏ ਟੀ ਬੀ ਬਿਮਾਰੀ ਵਿਕਸਤ ਕਰਨ ਦਾ 5 ਤੋਂ 10 ਪ੍ਰਤੀਸ਼ਤ ਸੰਜੋਗ ਹੈ। ਪਰ, ਜੇ ਤੁਹਾਡੇ ਸਰੀਰ ਦੀ ਬਿਮਾਰੀ ਤੋਂ ਬਚਾਉਣ ਵਾਲੀ ਪ੍ਰਣਾਲੀ ਮੈਡੀਕਲ ਬਿਮਾਰੀ ਜਾਂ ਤੇਜ਼ ਦਵਾਈਆਂ ਕਰਕੇ ਕਮਜ਼ੋਰ ਹੈ, ਤਾਂ ਇਸ ਗੱਲ ਦਾ ਜਿਆਦਾ ਜੋਖਮ ਹੈ ਕਿ ਤੁਸੀਂ ਸਕ੍ਰਿਏ ਟੀ ਬੀ ਬਿਮਾਰੀ ਵਿਕਸਤ ਕਰ ਸਕਦੇ ਹੋ। ਉਦਹਾਰਣ ਲਈ, ਐਚਆਈਵੀ ਵਿਗਾੜ ਅਤੇ ਟੀ ਬੀ ਵਿਗਾੜ ਵਾਲੇ ਲੋਕਾਂ ਨੂੰ ਸਕ੍ਰਿਏ ਟੀ ਬੀ ਦਾ ਜਿਆਦਾ ਖਤਰਾ ਹੈ ਜਦਕਿ ਸ਼ੱਕਰ ਰੋਗ ਅਤੇ ਟੀ ਬੀ ਵਿਗਾੜ ਵਾਲੇ ਲੋਕਾਂ ਨੂੰ ਦਰਮਿਆਨਾ ਖਤਰਾ ਹੈ।

## ਟੀ ਬੀ ਬਿਮਾਰੀ ਦੇ ਕੀ ਲੱਛਣ ਹਨ?

ਫੇਫੜਿਆਂ ਦੀ ਸਕ੍ਰਿਏ ਟੀ ਬੀ ਬਿਮਾਰੀ ਦੇ ਲੱਛਣਾਂ ਵਿਚ ਸ਼ਾਮਲ ਹਨ 2 ਹਫਤਿਆਂ ਜਾਂ ਉਸ ਤੋਂ ਵੱਧ ਲਈ ਖੰਘ (ਸੁੱਕੀ ਜਾਂ ਉਤਪਾਦਕ), ਖ਼ੂਨ ਵਾਲੀ ਥੁੱਕ (ਹੀਮੋਪਟਿਸਿਸ), ਸੀਨੇ ਵਿੱਚ ਦਰਦ ਅਤੇ ਸਾਹ ਚੜ੍ਹਨਾ। ਤੁਹਾਨੂੰ ਬਿਨਾਂ ਕਾਰਨ ਭਾਰ ਵਿੱਚ ਕਮੀ, ਬੁਖ਼ਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲਗਣਾ ਅਤੇ ਥਕਾਵਟ ਜਾਂ ਥਕੇਵਾਂ ਵੀ ਹੋ ਸਕਦਾ ਹੈ। ਜੇ ਟੀ ਬੀ ਨੇ ਤੁਹਾਡੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਹੈ, ਤਾਂ ਲੱਛਣ ਵੱਖਰੇ ਹੋ ਸਕਦੇ ਹਨ।

## ਟੀ ਬੀ ਲਈ ਮੇਰੀ ਜਾਂਚ (ਟੈਸਟ) ਕਿਵੇਂ ਕੀਤੀ ਜਾ ਸਕਦੀ ਹੈ?

ਜੇ ਤੁਹਾਨੂੰ ਟੀ ਬੀ ਦੇ ਲੱਛਣ ਹੋ ਰਹੇ ਹਨ ਜਾਂ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਕੀ ਤੁਹਾਨੂੰ ਨਿਹਿਤ ਟੀ ਬੀ ਵਿਗਾੜ ਹੈ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਜਾਓ।ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਟੀ ਬੀ ਮੁਲਾਂਕਣ ਕਰੇਗਾ ਅਤੇ ਉਚਿਤ ਟੈਸਟਾਂ ਲਈ ਨਿਰਦੇਸ਼ਿਤ ਕਰੇਗਾ।

ਟੀ ਬੀ ਵਿਗਾੜ ਲਈ ਜਾਂਚ ਕਰਨ ਟਿਯੁਬਰਕੁਲਿਨ (tuberculin) ਟੈਸਟ ਜਾਂ ਟੀ ਬੀ ਦਾ ਚਮੜੀ ਟੈਸਟ (skin test) ਵਰਤਿਆ ਜਾਂਦਾ ਹੈ। ਇਹ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸਦਾ ਹੈ ਜੇਕਰ ਤੁਹਾਡੇ ਸਰੀਰ ਨੇ ਟੀ ਬੀ ਬੈਕਟੀਰੀਆ ਪਹਿਲਾਂ "ਦੇਖਿਆ" ਹੈ। ਇਹ, ਇਹ ਨਹੀਂ ਦੱਸਦਾ ਕਿ ਟੀ ਬੀ ਬੈਕਟੀਰੀਆ ਨਿਹਿਤ ਹਨ ਜਾਂ ਸਕ੍ਰਿਏ।

ਟੀ ਬੀ ਦਾ ਚਮੜੀ ਟੈਸਟ ਦੋ-ਹਿੱਸਿਆਂ ਵਾਲਾ ਟੈਸਟ ਹੈ।

**ਪਹਿਲੀ ਅਪੌਇੰਟਮੈਂਟ:** ਤੁਹਾਡੀ ਬਾਂਹ ਦੀ ਚਮੜੀ ਦੀ ਸਭ ਤੋਂ ਉਪਰਲੀ ਪਰਤ ਦੇ ਥਲੇ ਟਯੂਬਰਸੋਲ (Tubersol®) ਨਾਮ ਦੇ ਟੈਸਟ ਕਰਨ ਵਾਲੇ ਤੱਤ ਦਾ ਟੀਕਾ ਇੱਕ ਛੋਟੀ ਸੂਈ ਵਰਤ ਕੇ ਲਗਾਇਆ ਜਾਂਦਾ ਹੈ।ਟੈਸਟ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ ਕਿਉਂਕਿ ਟਯੂਬਰਸੋਲ® (Tubersol®) ਕਰਕੇ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ।

**ਦੂਸਰੀ ਅਪੌਇੰਟਮੈਂਟ :** ਤੁਹਾਡੇ ਲਈ ਸਿਖਲਾਈ ਪ੍ਰਾਪਤ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਟੈਸਟ ਨੂੰ ਪੜ੍ਹੇ ਜਾਣ ਲਈ 48 ਤੋਂ 72 ਘੰਟਿਆਂ ਦੇ ਬਾਅਦ ਕਲੀਨਿਕ ਵਿੱਚ ਵਾਪਸ ਜਾਣਾ ਜਰੂਰੀ ਹੈ।ਟੀ ਬੀ ਨਾਲ ਵਿਗੜਗ੍ਰਸਤ ਲੋਕ ਆਮਤੌਰ ਤੇ ਟਯੂਬਰਸੋਲ® (Tubersol®) ਦਾ ਟੀਕਾ ਲਗਾਏ ਜਾਣ ਵਾਲੇ ਸਥਾਨ ਤੇ ਉਭਰੇ ਹੋਈ, ਸਖਤ ਪ੍ਰਤੀਕਰਮ ਦੇ ਨਾਲ ਪ੍ਰਤੀਕਿਰਿਆ ਦਿਖਾਉਂਦੇ ਹਨ।

ਟੀ ਬੀ ਦੇ ਚਮੜੀ ਟੈਸਟ ਦੇ ਨਤੀਜੇ, ਜਾਂਚ ਕਰਵਾਉਣ ਲਈ ਤੁਹਾਡੇ ਕਾਰਨ, ਅਤੇ ਤੁਹਾਡੀ ਆਮ ਸਿਹਤ ਦਾ ਮਤਲਬ ਇਹ ਹੋ ਸਕਦਾ ਹੈ ਕਿ ਟੀ ਬੀ ਲਈ

ਹੋਰ ਟੈਸਟ ਕੀਤੇ ਜਾਣ ਦੀ ਲੋੜ ਹੈ।ਹੋਰ ਜਿਆਦਾ ਟੈਸਟਾਂ ਵਿੱਚ ਸ਼ਾਮਲ ਹੋ ਸਕਦੇ ਹਨ ਟੀ ਬੀ ਦਾ ਖ਼ੂਨ ਦਾ ਟੈਸਟ, ਛਾਤੀ ਦਾ ਐਕਸ-ਰੇ, ਜਾਂ ਬਲਗਮ ਦੇ ਨਮੂਨੇ।

ਛਾਤੀ ਦਾ ਐਕਸ-ਰੇ ਅਤੇ ਬਲਗਮ ਦੇ ਨਮੂਨੇ ਆਮਤੌਰ ਤੇ ਸਕ੍ਰਿਏ ਟੀ ਬੀ ਬੀਮਾਰੀ ਵਾਸਤੇ ਟੈਸਟ ਕਰਨ ਲਈ ਵਰਤੇ ਜਾਂਦੇ ਹਨ। ਛਾਤੀ ਦਾ ਐਕਸ-ਰੇ ਤੁਹਾਡੇ ਫੇਫੜਿਆਂ ਦੀ ਤਸਵੀਰ ਹੁੰਦੀ ਹੈ ਜਿਸ ਦੀ ਪੜਤਾਲ ਤੁਹਾਡਾ ਡਾਕਟਰ ਇਹ ਦੇਖਣ ਲਈ ਕਰਦਾ ਹੈ ਜੇ ਟੀ ਬੀ ਦੇ ਬੈਕਟੀਰੀਆ ਤੁਹਾਡੇ ਫੇਫੜਿਆਂ ਵਿੱਚ ਵੱਧ ਰਹੇ ਹਨ। ਬਲਗਮ ਜਾਂ ਖੰਘਣ ਕਰਕੇ ਤੁਹਾਡੇ ਫੇਫੜਿਆਂ ਵਿੱਚ ਪੈਦਾ ਹੋਣ ਵਾਲੇ ਡੂੰਘੇ ਲੇਸਦਾਰ ਪਦਾਰਥ ਨੂੰ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਂਦਾ ਹੈ, ਅਤੇ ਇਹ ਦੇਖਣ ਲਈ ਟੈਸਟ ਕੀਤਾ ਜਾਂਦਾ ਹੈ ਜੇਕਰ ਟੀ ਬੀ ਦੇ ਬੈਕਟੀਰੀਆ ਮੌਜੂਦ ਹਨ।ਹੋਰ ਜਾਣਕਾਰੀ ਲਈ, HealthLinkBC File #51b ਤਪਦਿਕ (ਟੀਬੀ) ਜਾਂਚ ਲਈ ਬਲਗਮ ਇਕੱਠੀ ਕਰਨਾ ਦੇਖੋ।

## ਮੈਂ ਜਾਂਚ (ਟੈਸਟ) ਕਿਥੇ ਕਰਵਾ ਸਕਦਾ/ਦੀ ਹਾਂ?

ਤੁਸੀਂ ਆਪਣੇ ਸਥਾਨਕ ਹੈਲਥ ਯੂਨਿਟ, ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਆਫਿਸ ਜਾਂ ਹੇਠਾਂ ਦਿੱਤੇ ਕਲੀਨਿਕਾਂ ਵਿੱਚੋਂ ਇੱਕ ਵਿੱਚ ਜਾਂਚ ਕਰਵਾ ਸਕਦੇ ਹੋ:

- **ਡਾਊਨਟਾਊਨ ਆਊਟਰੀਚ ਟੀ ਬੀ ਕਲੀਨਿਕ**
  **(Downtown Outreach TB Clinic)**
  569 ਪੌਵੈਲ ਸਟ੍ਰੀਟ, ਵੈਨਕੂਵਰ
  ਫੋਨ (ਟੀ ਬੀ ਨਰਸ): 604 216-4264
- **ਆਈਲੈਂਡ ਟੀ ਬੀ ਪ੍ਰੋਗਰਾਮ**
  **(Island TB Program)**
  1952 ਬੇ ਸਟ੍ਰੀਟ , ਵਿਕਟੋਰੀਆ
  ਫੋਨ: 250 519-1510
- **ਨਿਊ ਵੈਸਟਮਿਨਸਟਰ ਟੀ ਬੀ ਕੰਟਰੋਲ ਕਲੀਨਿਕ**
  **(New Westminster TB Control Clinic)**
  #100 – 237 ਕੁਲੰਬੀਆ ਸਟ੍ਰੀਟ ਈਸਟ,
  ਨਿਊ ਵੈਸਟਮਿਨਸਟਰ
  ਫੋਨ: 604 707-2698
- **ਵੈਨਕੂਵਰ ਟੀ ਬੀ ਕੰਟਰੋਲ ਕਲੀਨਿਕ**
  **(Vancouver TB Control Clinic)**
  655 ਵੈਸਟ 12th ਐਵੇਨਿਊ, ਵੈਨਕੂਵਰ
  ਫੋਨ: 604 707-2692

ਟੀ ਬੀ ਦੀ ਜਾਂਚ ਦੇ ਹੋਰ ਸਥਾਨ ਲੱਭਣ ਲਈ, ਹੈਲਥਲਿੰਕ ਬੀ ਸੀ ਫਾਇੰਡ ਸਰਵਿਸਿਜ਼ ਐਂਡ ਰਿਸੋਰਸਿਜ਼ ਡਾਇਰੈਕਟਰੀ (HealthLinkBC FIND Services and Resources Directory) ਤੇ ਜਾਓ: www.healthlinkbc.ca/find

## ਇਲਾਜ ਕੀ ਹੈ?

ਨਿਹਿਤ ਟੀ ਬੀ ਵਿਗਾੜ ਅਤੇ ਟੀ ਬੀ ਬਿਮਾਰੀ ਦਾ ਇਲਾਜ ਕੀਤਾ ਜਾ ਸਕਦਾ ਹੈ। ਟੀ ਬੀ ਦੇ ਇਲਾਜ ਲਈ ਸਾਰੀਆਂ ਗੋਲੀਆਂ ਮੁਫਤ ਅਤੇ ਪਬਲਿਕ ਹੈਲਥ ਰਾਹੀਂ ਉਪਲਬਧ ਹਨ। ਇਹ ਦਵਾਈ ਲੈਣ ਦੇ ਦੌਰਾਨ ਤੁਸੀਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਨਜ਼ਦੀਕੀ ਨਿਗਰਾਨੀ ਹੇਠ ਰਹੋਗੇ।

**ਨਿਹਿਤ ਟੀ ਬੀ ਵਿਗਾੜ ਦਾ ਇਲਾਜ:** ਨਿਹਿਤ ਟੀ ਬੀ ਵਿਗਾੜ ਦਾ ਇਲਾਜ "ਸੋਏ" ਹੋਏ ਟੀ ਬੀ ਬੈਕਟੀਰੀਆ ਨੂੰ "ਜਾਗਣ" ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਦਾ ਹੈ।ਇਸ ਨੂੰ ਨਿਵਾਰਕ ਇਲਾਜ ਕਿਹਾ ਜਾਂਦਾ ਹੈ ਅਤੇ ਇਸ ਦੀ ਸਿਫਾਰਸ਼ ਉਨ੍ਹਾਂ ਲੋਕਾਂ ਲਈ ਕੀਤੀ ਜਾਂਦੀ ਹੈ ਜਿੰਨਾਂ ਦੀ ਸਕ੍ਰਿਏ ਟੀ ਬੀ ਹੋਣ ਦੀ ਸਭ ਤੋਂ ਜਿਆਦਾ ਸੰਭਾਵਨਾ ਹੈ।

ਜੇ ਤੁਹਾਨੂੰ ਨਿਵਾਰਕ ਇਲਾਜ ਕਰਵਾਉਣ ਵਿੱਚ ਦਿਲਚਸਪੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਇਹ ਮਹੱਤਵਪੂਰਨ ਹੈ ਕਿ ਨਿਹਿਤ ਟੀ ਬੀ ਵਿਗਾੜ ਦਾ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਉਹ ਯਕੀਨੀ ਬਣਾਉਣ ਕਿ ਤੁਹਾਨੂੰ ਸਕ੍ਰਿਏ ਟੀ ਬੀ ਨਹੀਂ ਹੈ।ਹਰੇਕ ਗੋਲੀ ਦੇ ਦਵਾਈ ਸੰਬੰਧੀ ਬੁਰੇ ਅਸਰਾਂ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਫੋਨ ਕਰਨ ਦੀ ਲੋੜ ਹੈ ਵੀ ਮਹੱਤਵਪੂਰਨ ਹੈ।

**ਸਕ੍ਰਿਏ ਟੀ ਬੀ ਵਿਗਾੜ ਦਾ ਇਲਾਜ:** ਸਕ੍ਰਿਏ ਟੀ ਬੀ ਦਾ ਇਲਾਜ ਤੁਹਾਨੂੰ ਠੀਕ ਕਰਦਾ ਹੈ ਅਤੇ ਟੀ ਬੀ ਨੂੰ ਦੂਸਰੇ ਲੋਕਾਂ ਤੱਕ ਫੈਲਾਉਣ ਨੂੰ ਰੋਕਦਾ ਹੈ।ਗੋਲੀਆਂ ਦੇ ਮਿਸ਼ਰਨ ਨੂੰ 6 ਮਹੀਨੇ ਜਾਂ ਉਸ ਤੋਂ ਵੱਧ ਲਈ ਵਰਤਿਆ ਜਾਂਦਾ ਹੈ।ਤੁਹਾਡੇ ਲਈ ਦਿੱਤੀਆਂ ਗਈਆਂ ਸਾਰੀਆਂ ਗੋਲੀਆਂ ਨੂੰ ਨਿਰਦੇਸ਼ ਅਨੁਸਾਰ ਲੈਣਾ ਮਹੱਤਵਪੂਰਨ ਹੈ। ਟੀ ਵੀ ਦਾ ਇਲਾਜ ਲੰਮਾ ਸਮਾਂ ਲੈਂਦਾ ਹੈ ਕਿਉਂਕਿ ਟੀ ਬੀ ਦੇ ਬੈਕਟੀਰੀਆ ਤਾਕਤਵਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਖਤਮ ਕਰਨਾ ਮੁਸ਼ਕਲ ਹੁੰਦਾ ਹੈ। ਹਰੇਕ ਗੋਲੀ ਦੇ ਦਵਾਈ ਸੰਬੰਧੀ ਬੁਰੇ ਅਸਰਾਂ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਫੋਨ ਕਰਨ ਦੀ ਲੋੜ ਹੈ ਵੀ ਮਹੱਤਵਪੂਰਨ ਹੈ।

ਸਕ੍ਰਿਏ ਟੀ ਬੀ ਲਈ ਤੁਹਾਡੇ ਇਲਾਜ ਦੇ ਦੌਰਾਨ ਤੁਸੀਂ ਨਿਯਮਿਤ ਰੂਪ ਨਾਲ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਜਾਓਗੇ ਅਤੇ ਇਹ ਜਾਂਚਣ ਲਈ ਕਿ ਤੁਸੀਂ ਇਲਾਜ ਵਲ ਸਹੀ ਪ੍ਰਤੀਕਿਰਿਆ ਦਿਖਾ ਰਹੇ ਹੋ, ਛਾਤੀ ਦੇ ਕਈ ਐਕਸ-ਰੇ ਅਤੇ ਬਲਗਮ ਦੇ ਨਮੂਨੇ ਦਿਓਗੇ। ਜਦੋਂ ਤੁਹਾਡਾ ਇਲਾਜ ਪੂਰਾ ਹੋ ਜਾਏਗਾ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦਸੇਗਾ।

ਦੂਸਰੇ ਲੋਕਾਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਨ ਵਾਸਤੇ, ਤੁਹਾਡੇ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਟੀ ਬੀ ਦੇ ਵਿਗਾੜ ਦੇ ਜੋਖਮ ਵਾਲੇ ਲੋਕਾਂ ਦੀ ਪਛਾਣ ਕਰਨ ਵਿੱਚ ਮਦਦ ਲਈ, ਇਹ ਦੱਸਣਾ ਮਹੱਤਵਪੂਰਨ ਹੈ ਕਿ ਤੁਹਾਡਾ ਸੰਪਰਕ ਕਿੰਨਾਂ ਨਾਲ ਰਿਹਾ ਹੈ। ਤੁਹਾਡੇ ਦੁਆਰਾ ਦਿੱਤੀ ਗਈ ਸਾਰੀ ਜਾਣਕਾਰੀ ਗੁਪਤ ਰੱਖੀ ਜਾਏਗੀ।

## ਮੈਂ ਦੂਸਰੇ ਲੋਕਾਂ ਨੂੰ ਟੀ ਬੀ ਦੇਣ ਦੇ ਜੋਖਮ ਨੂੰ ਕਿਵੇਂ ਘਟਾ ਸਕਦਾ/ਦੀ ਹਾਂ?

ਜੇ ਤੁਹਾਨੂੰ ਫੇਫੜਿਆਂ ਜਾਂ ਗਲੇ ਵਿੱਚ ਟੀ ਬੀ ਹੈ ਤਾਂ ਤੁਸੀਂ ਇਲਾਜ ਸ਼ੁਰੂ ਕਰਨ ਤੋਂ ਕਈ ਹਫਤਿਆਂ ਬਾਅਦ ਵੀ, ਟੀਬੀ ਦੇ ਬੈਕਟੀਰੀਆ ਨੂੰ ਦੂਸਰੇ ਲੋਕਾਂ ਤੱਕ ਫੈਲਾ ਸਕਦੇ ਹੋ।ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਬਿਮਾਰੀ ਫੈਲਾਉਣ ਦੇ ਜੋਖਮ ਨੂੰ ਘਟਾਉਣ ਲਈ ਤੁਹਾਨੂੰ ਨਕਾਬ ਪਾਉਣ ਅਤੇ ਘਰ ਰਹਿਣ ਲਈ ਕਹੇਗਾ। ਇਸ ਨੂੰ ਘਰ ਵਿੱਚ ਵਖਰੇਵਾਂ ਕਹਿੰਦੇ ਹਨ; ਇਹ ਦੂਸਰੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਮਹੱਤਵਪੂਰਨ, ਜ਼ਰੂਰੀ ਕਦਮ ਹੈ।ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦਸੇਗਾ ਕਿ ਤੁਸੀਂ ਘਰ ਵਿੱਚ ਵਖਰੇਵਾਂ ਕਦੋਂ ਬੰਦ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ, HealthLinkBC File #51c ਤਪਦਿਕ ਲਈ ਘਰ ਵਿੱਚ ਵਖਰੇਵਾਂ (ਟੀਬੀ) ਦੇਖੋ।

BC Centre for Disease Control
An agency of the Provincial Health Services Authority